# ਘਰ ਖ਼ਰੀਦ ਰਹੇ ਹੋ

## ਇਸ ਕੰਮ ਲਈ ਤੁਹਾਡੀ ਟੀਮ ਵਿੱਚ ਕਿਸ ਕਿਸ ਨੂੰ ਸ਼ਾਮਲ ਕਰਨ ਦੀ ਲੋੜ



ਤੁਹਾਡੇ ਵੱਲੋਂ ਲਏ ਜਾਂਦੇ ਫ਼ੈਸਲਿਆਂ ਵਿੱਚੋਂ ਘਰ ਖ਼ਰੀਦਣਾ ਸਭ ਤੋਂ ਵੱਡਾ ਫ਼ੈਸਲਾ ਹੁੰਦਾ ਹੈ। ਜਦੋਂ ਘਰ ਖ਼ਰੀਦਣ ਲਈ ਕਾਗ਼ਜ਼ਾਂ ਉੱਤੇ ਦਸਤਖ਼ਤ ਕਰਨ ਦਾ ਸਮਾਂ ਆਵੇ, ਤਾਂ ਯਕੀਨੀ ਬਣਾਓ ਕਿ ਇਹ ਫ਼ੈਸਲਾ ਤੁਸੀਂ ਇਕੱਲੇ ਹੀ ਨਾ ਕਰੋ।

ਪੇਸ਼ਾਵਰ ਵਿਅਕਤੀਆਂ ਦੀ ਵਾਜਬ ਟੀਮ ਬਣਾਉਣ ਵਿੱਚ ਤੁਹਾਡੀ ਮਦਦ ਕਰਨ ਲਈ ਕੈਨੇਡਾ ਮਾਰਗੇਜ ਐਂਡ ਹਾਊਜ਼ਿੰਗ ਕਾਰਪੋਰੇਸ਼ਨ (CMHC) ਤੁਹਾਨੂੰ ਹੇਠ ਦਰਜ ਅਨੁਸਾਰ ਮਾਹਰਾਂ, ਅਤੇ ਇਨ੍ਹਾਂ ਨੂੰ ਕੀ ਕੰਮ ਕਰਨੇ ਚਾਹੀਦੇ ਹਨ, ਦੀ ਸੂਚੀ ਪੇਸ਼ ਕਰਦੀ ਹੈ:

- ਰੀਅਲ ਐਸਟੇਟ ਏਜੰਟ। ਦੂਜੀਆਂ ਸੇਵਾਵਾਂ ਦੇ ਨਾਲ ਨਾਲ, ਘਰ ਲੱਭਣ, ਖ਼ਰੀਦਣ ਲਈ ਪੇਸ਼ਕਸ਼ ਲਿਖਣ, ਤੁਹਾਡੀ ਤਰਫ਼ੋਂ ਖ਼ਰੀਦ ਬਾਰੇ ਸਮਝੌਤਾ ਕਰਨ ਅਤੇ ਤੁਹਾਡਾ ਕਾਫ਼ੀ ਸਮਾਂ,ਖੇਚਲ ਅਤੇ ਸਿਰਦਰਦੀ ਬਚਾਉਣ ਵਿੱਚ ਤੁਹਾਡਾ ਰੀਅਲ ਐਸਟੇਟ ਏਜੰਟ ਤੁਹਾਡੀ ਮਦਦ ਕਰੇਗਾ। ਅਜਿਹੇ ਏਜੰਟ, ਜਿਸ ਨਾਲ ਮਿਲ ਕੇ ਤੁਸੀਂ ਕੰਮ ਕਰਨਾ ਹੈ, ਉਸ ਦੀ ਚੋਣ ਕਰਨ ਲੱਗਿਆਂ ਉਸ ਨੂੰ ਪ੍ਰਸ਼ਨ ਪੁੱਛਣ ਜਾਂ ਸਥਾਨਕ ਰੀਅਲ ਐਸਟੇਟ ਐਸੋਸੀਏਸ਼ਨ ਤੋਂ ਮਸ਼ਵਰਾ ਲੈਣ ਤੋਂ ਨਾ ਡਰੋ।
- ਮਾਰਗੇਜ ਦੇਣ ਵਾਲੀ ਸੰਸਥਾ ਜਾਂ ਮਾਰਗੇਜ ਬਰੋਕਰ। ਕਈ ਵੱਖ ਵੱਖ ਸੰਸਥਾਵਾਂ ਮਾਰਗੇਜਾਂ ਲਈ ਕਰਜ਼ੇ ਤੇ ਰਕਮ ਦਿੰਦੀਆਂ ਹਨ ਜਿੰਨ੍ਹਾਂ ਵਿੱਚ ਬੈਂਕ, ਟਰੱਸਟ ਕੰਪਨੀਆਂ, ਕ੍ਰੈਡਿਟ ਯੂਨੀਅਨਾਂ, ਕੈਸੇ ਪਾਪੂਲੇਅਰਜ਼, ਪੈਨਸ਼ਨ ਫ਼ੰਡ, ਇੰਨਸ਼ੋਰੈਂਸ ਕੰਪਨੀਆਂ ਅਤੇ ਫ਼ੀਨੈਂਸ ਕੰਪਨੀਆਂ ਸ਼ਾਮਲ ਹਨ। ਚੰਗੀ ਗੱਲ ਇਹ ਹੈ ਕਿ ਚੋਣ ਕਰਨ ਤੋਂ ਪਹਿਲਾਂ, ਆਲੇ ਦੁਆਲਿਉਂ ਵਿਆਜ ਦੇ ਦਰਾਂ ਦੀ ਪੁੱਛ-ਗਿੱਛ ਕਰੋ ਅਤੇ ਮਾਰਗੇਜ ਦੇਣ ਵਾਲੀਆਂ ਇੱਕ ਤੋਂ ਵੱਧ ਸੰਸਥਾਵਾਂ ਨਾਲ ਗੱਲਬਾਤ ਕਰੋ। ਬਹੁਤੇ ਕਨੇਡੀਅਨ ਇਹ ਕੰਮ ਮਾਰਗੇਜ ਬਰੋਕਰਾਂ ਨਾਲ ਮਿਲ ਕੇ ਕਰਦੇ ਹਨ, ਕਿਉਂਕਿ ਮਾਰਗੇਜ ਬਰੋਕਰ ਮਾਰਗੇਜ ਦੇਣ ਵਾਲੀ ਕਿਸੇ ਇੱਕ ਸੰਸਥਾ ਲਈ ਕੰਮ ਨਹੀਂ ਕਰਦੇ ਹੁੰਦੇ ਅਤੇ ਇਹ ਬਰੋਕਰ ਤੁਹਾਡੀਆਂ ਲੋੜਾਂ ਨਾਲ ਢੁੱਕਦੀਆਂ ਸ਼ਰਤਾਂ ਅਤੇ ਦਰਾਂ ‘ਤੇ ਮਾਰਗੇਜ ਦਾ ਪਤਾ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ।
- ਵਕੀਲ (ਕਿਊਬੈਕ ਵਿੱਚ ਨੋਟਰੀ)। ਇਹ ਯਕੀਨੀ ਬਣਾ ਕੇ ਕਿ ਜਾਇਦਾਦ ਉੱਤੇ ਤੁਹਾਡਾ ਪੂਰਨ ਅਧਿਕਾਰ ਹੈ, ਇਹ ਖ਼ਰਚਿਆਂ ਅਤੇ ਦੇਣਦਾਰੀਆਂ ਤੋਂ ਮੁਕਤ ਹੈ, ਬਾਰੇ ਕਨੂੰਨੀ ਪੱਖੋਂ ਤੁਹਾਡੇ ਹਿੱਤ ਨੂੰ ਸੁਰੱਖਿਅਤ ਬਣਾ ਸਕਦਾ ਹੈ ਅਤੇ ਇਸ ਤੋਂ ਪਹਿਲਾਂ ਕਿ ਤੁਸੀਂ ਦਸਤਖ਼ਤ ਕਰੋ ਅਤੇ ਖ਼ਰੀਦਣ ਲਈ ਪੇਸ਼ਕਸ਼ (ਜਾਂ ਇਕਰਾਰਨਾਮਾਂ ) ਦਿਓ, ਵਕੀਲ ਇਨ੍ਹਾਂ ਇਕਰਾਰਨਾਮਿਆਂ ਦੀ ਨਜ਼ਰਸਾਨੀ ਕਰੇਗਾ। ਇਹ ਯਕੀਨੀ ਬਣਾਓ ਕਿ ਤੁਹਾਡਾ ਵਕੀਲ ਜਾਂ ਨੋਟਰੀ ਲਸੰਸਸ਼ੁਦਾ ਹੈ, ਅਤੇ ਕੁੱਲ ਵਕਤੀ ਪੇਸ਼ਾਵਰ ਹੈ ਅਤੇ ਸਾਰੇ ਸਥਾਨਕ ਕਨੂਨਾਂ ਅਤੇ ਵਨਿਯਮਾਂ ਨੂੰ ਸਮਝਦਾ ਹੈ, ਉਸ ਦੀਆਂ ਫ਼ੀਸਾਂ ਵਾਜਬ ਹਨ ਅਤੇ ਸਭ ਕੁਝ ਸਾਦੀ ਭਾਸ਼ਾ ਵਿੱਚ ਤੁਹਾਨੂੰ ਸਮਝਾਅ ਸਕਦਾ ਹੈ।
- ਇਨਸਪੈਕਟਰ (ਘਰ ਦੀ ਜਾਂਚ-ਪੜਤਾਲ ਕਰਨ ਵਾਲਾ ਵਿਅਕਤੀ)। ਘਰ ਖ਼ਰੀਦਣ ਸਮੇਂ, ਤੁਹਾਨੂੰ ਜਾਣਕਾਰ ਅਤੇ ਪੇਸ਼ਾਵਰ ਇਨਸਪੈਕਟਰ ਕਰ ਲੈਣਾ ਚਾਹੀਦਾ ਹੈ। ਉਹ ਤੁਹਾਨੂੰ ਦੱਸ ਸਕੇਗਾ/ਸਕੇਗੀ ਕਿ ਘਰ ਵਿੱਚ ਕੋਈ ਅਜਿਹੀ ਚੀਜ਼ ਹੈ ਜੋ ਚੰਗੀ ਤਰ੍ਹਾਂ ਕੰਮ ਨਹੀਂ ਕਰ ਰਹੀ, ਘਰ ਦੇ ਕਿਸ ਹਿੱਸੇ ਨੂੰ ਮੁਰੰਮਤ ਦੀ ਲੋੜ ਹੈ ਅਤੇ ਕੀ ਪਹਿਲਾਂ ਵੀ ਕੋਈ ਸਮੱਸਿਆਵਾਂ ਖੜ੍ਹੀਆਂ ਹੁੰਦੀਆਂ ਰਹੀਆਂ ਹਨ।
- ਇਨਸ਼ੋਰੈਂਸ ਬਰੋਕਰ। ਇਨਸ਼ੋਰੈਂਸ ਬਰੋਕਰ ਜਾਇਦਾਦ ਅਤੇ ਮਾਰਗੇਜ ਲਾਈਫ਼ ਇਨਸ਼ੋਰੈਂਸ ਬਾਰੇ ਤੁਹਾਡੀ ਮਦਦ ਕਰੇਗਾ। ਮਾਰਗੇਜ ਦੇਣ ਵਾਲੀ ਸੰਸਥਾ ਵੀ ਮਾਰਗੇਜ ਲਾਈਫ਼ ਇਨਸ਼ੋਰੈਂਸ ਬਾਰੇ ਤੁਹਾਡੀ ਮਦਦ ਕਰ ਸਕਦੀ ਹੈ।
- ਅਪਰੇਜ਼ਰ (ਜਾਇਦਾਦ ਦਾ ਮੁੱਲ ਪਾਉਣ ਵਾਲਾ ਵਿਅਕਤੀ)। ਅਪਰੇਜ਼ਰ ਤੁਹਾਡੀ ਜਾਇਦਾਦ ਦੀ ਮਾਲੀਅਤ ਨਿਰਧਾਰਨ ਕਰੇਗਾ ਅਤੇ ਇਸ ਜਾਇਦਾਦ ਦੀ ਅਧਿਕ ਕੀਮਤ ਦੇਣ ਤੋਂ ਤੁਹਾਡਾ ਬਚਾ ਕਰੇਗਾ।
- ਭੋਂ-ਸਰਵੇਖਣਕਰਤਾ। ਜੇ ਘਰ ਵੇਚਣ ਵਾਲੇ ਕੋਲ ਜਾਇਜ਼ ਸਰਵੇਖਣ ਜਾਂ ਜਗ੍ਹਾ ਦਾ ਸਰਟੀਫ਼ੀਕੇਟ ਨਹੀਂ ਹੈ ਤਾਂ ਤੁਹਾਨੂੰ ਭੋਂ-ਸਰਵੇਖਣਕਰਤਾ ਦੀਆਂ ਸੇਵਾਵਾਂ ਦੀ ਲੋੜ ਵੀ ਪੈ ਸਕਦੀ ਹੈ।

Canada

CMHC SCHL
HOME TO CANADIANS

ਘਰਾਂ ਬਾਰੇ ਹੋਰ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਕੈਨੇਡਾ ਮੌਰਗੇਜ ਅਤੇ ਹਾਊਸਿੰਗ ਕਾਰਪੋਰੇਸ਼ਨ ਨਾਲ ਸੰਪਰਕ ਕਰੋ। ਵੈੱਬਸਾਈਟ : www.cmhc.ca/newcomers

ਨੋਟ: ਸੀ ਐਮ ਐਚ ਸੀ ਇਸ ਦਸਤਾਵੇਜ ਵਿਚਲੀ ਕਿਸੇ ਵੀ ਤਰੁੱਟੀ ਜਾਂ ਫੇਰ ਕਿਸੇ ਵੀ ਵਿਅਕਤੀ ਦੁਆਰਾ ਇਸ ਉੱਤੇ ਭਰੋਸਾ ਕਰਨ ਤੋਂ ਉੱਤਪੰਨ ਨਤੀਜਿਆਂ ਲਈ ਜੁੰਮੇਵਾਰ ਨਹੀਂ ਹੈ।